# Visit of External Affairs Minister of India to Kigali, Rwanda for the 26th Commonwealth Heads of Government Meeting (CHOGM) (June 22-25, 2022)

June 21, 2022

..............................

## ਭਾਰਤੀ ਵਿਦੇਸ਼ ਮੰਤਰੀ ਵੱਲੋਂ 26ਵੀਂ ਰਾਸ਼ਟਰਮੰਡਲ ਸਰਕਾਰਾਂ ਦੇ ਮੁਖੀਆਂ ਦੀ ਮੀਟਿੰਗ (CHOGM) ਦੇ ਸਬੰਧ 'ਚ ਕਿਗਾਲੀ (ਰਵਾਂਡਾ) ਦਾ ਦੌਰਾ (22-25 ਜੂਨ, 2022)

**21 ਜੂਨ, 2022**

1. ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ 26ਵੀਂ ਰਾਸ਼ਟਰਮੰਡਲ ਸਰਕਾਰਾਂ ਦੇ ਮੁਖੀਆਂ ਦੀ ਮੀਟਿੰਗ (CHOGM) ਵਿੱਚ ਸ਼ਾਮਲ ਹੋਣ ਲਈ 22-25 ਜੂਨ ਤੱਕ ਕਿਗਾਲੀ ਦਾ ਦੌਰਾ ਕਰਨਗੇ। ਵਿਦੇਸ਼ ਮੰਤਰੀ CHOGM ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ, ਜੋ ਪਹਿਲਾਂ ਕੋਵਿਡ-19 ਮਹਾਂਮਾਰੀ ਕਾਰਨ ਦੋ ਵਾਰ ਮੁਲਤਵੀ ਕਰ ਦਿੱਤੀ ਗਈ ਸੀ।

2. ਵਿਦੇਸ਼ ਮੰਤਰੀ 24-25 ਜੂਨ ਨੂੰ ਰਾਸ਼ਟਰਮੰਡਲ ਸਿਖਰ ਸੰਮੇਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਨੁਮਾਇੰਦਗੀ ਕਰਨਗੇ ਅਤੇ ਨਾਲ ਹੀ ਕਿਗਾਲੀ ਵਿੱਚ 23 ਜੂਨ ਨੂੰ CHOGM ਮੀਟਿੰਗ ਤੋਂ ਪਹਿਲਾਂ ਹੋਣ ਵਾਲੀ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ।

3. ਇਸ ਮੌਕੇ CHOGM ਤੋਂ ਛੁੱਟ ਰਾਸ਼ਟਰਮੰਡਲ ਦੇ ਆਗਾਮੀ ਪ੍ਰਧਾਨ ਯਾਨੀ ਰਵਾਂਡਾ ਗਣਰਾਜ ਦੀ ਸਰਕਾਰ ਨੇ ਹੋਰ ਕਈ ਸਮਾਗਮ ਦੀ ਵਿਉਂਤਬੰਦੀ ਕੀਤੀ ਹੈ ਜਿਵੇਂ ਕਾਮਨਵੈਲਥ ਯੂਥ ਫੋਰਮ, ਰਾਸ਼ਟਰਮੰਡਲ ਵੂਮੈਨ ਫੋਰਮ, ਰਾਸ਼ਟਰਮੰਡਲ ਵਪਾਰਕ ਫੋਰਮ, ਰਾਸ਼ਟਰਮੰਡਲ ਪੀਪਲਜ਼ ਫੋਰਮ ਅਤੇ ਹੋਰ ਕਈ ਸਮਾਗਮ।

4. 26ਵੇਂ CHOGM ਸੰਮੇਲਨ ਦਾ ਵਿਸ਼ਾ ਹੈ: "ਸਾਂਝਾ ਭਵਿੱਖ ਪ੍ਰਦਾਨ ਕਰਨਾ: ਜੁੜਾਅ, ਨਵੀਨਤਾਕਾਰੀ, ਬਦਲਾਅ"। ਰਾਸ਼ਟਰਮੰਡਲ ਮੈਂਬਰ ਦੇਸ਼ਾਂ ਦੇ ਆਗੂ ਸਮਕਾਲੀ ਪ੍ਰਸੰਗਿਕਤਾ ਦੇ ਮੁੱਦਿਆਂ ਜਿਵੇਂ ਜਲਵਾਯੂ ਤਬਦੀਲੀ, ਭੋਜਨ ਸੁਰੱਖਿਆ, ਸਿਹਤ ਦੇ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨਗੇ ਅਤੇ ਉਹਨਾਂ ਦੁਆਰਾ ਹੇਠਲੇ ਚਾਰ ਨਤੀਜਾ ਦਸਤਾਵੇਜ਼ਾਂ ਨੂੰ ਅਪਣਾਏ ਜਾਣ ਦੀ ਆਸ ਹੈ: CHOGM ਬਿਆਨ, ਬਾਲ ਬੱਚਾ ਸੰਭਾਲ ਅਤੇ ਸੁਰੱਖਿਆ ਬਾਰੇ ਕਿਗਾਲੀ ਐਲਾਨ, ਟਿਕਾਊ ਸ਼ਹਿਰੀਕਰਨ ਅਤੇ ਰਾਸ਼ਟਰਮੰਡਲ ਲਿਵਿੰਗ ਲੈਂਡਜ਼ ਚਾਰਟਰ ਬਾਰੇ ਐਲਾਨ: ਲਿਵਿੰਗ ਲੈਂਡਜ਼ 'ਤੇ ਕਾਰਵਾਈ ਲਈ ਰਾਸ਼ਟਰਮੰਡਲ ਦੀ ਅਪੀਲ (CALL)।

5. ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਵੱਲੋਂ ਰਾਸ਼ਟਰਮੰਡਲ ਮੈਂਬਰ ਦੇਸ਼ਾਂ ਦੇ ਆਪਣੇ ਹਮਰੁਤਬਾਵਾਂ ਅਤੇ ਹੋਰ ਮਹਿਮਾਨਾਂ ਨਾਲ ਕਈ ਦੁਵੱਲੀਆਂ ਮੀਟਿੰਗਾਂ ਕੀਤੀ ਜਾਣ ਦੀ ਆਸ ਹੈ। ਵਿਦੇਸ਼ ਮੰਤਰੀ ਕਿਗਾਲੀ ਵਿੱਚ ਭਾਰਤੀ ਹਾਈ ਕਮਿਸ਼ਨ ਦੁਆਰਾ ਕਰਾਏ ਜਾਣ ਵਾਲੇ ਸਵਾਗਤ ਸਮਾਰੋਹ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਗੱਲਬਾਤ ਕਰਨਗੇ।

6. ਰਾਸ਼ਟਰਮੰਡਲ ਨਾਮੀ ਸੰਸਥਾ ਰਾਸ਼ਟਰਮੰਡਲ ਮੈਂਬਰਾਂ, ਖਾਸ ਤੌਰ 'ਤੇ ਛੋਟੇ ਮੁਲਕਾਂ ਰਾਜਾਂ (SS) ਅਤੇ ਛੋਟੇ ਟਾਪੂ ਵਿਕਾਸਸ਼ੀਲ ਦੇਸ਼ਾਂ (SIDS) ਨਾਲ ਭਾਰਤ ਦੀ ਸ਼ਮੂਲੀਅਤ ਨੂੰ ਡੂੰਘਾ ਕਰਨ ਦਾ ਮਹੱਤਵਪੂਰਨ ਮੰਚ ਪ੍ਰਦਾਨ ਕਰਦੀ ਹੈ| ਭਾਰਤ ਰਾਸ਼ਟਰਮੰਡਲ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲੇ ਮੁਲਕਾਂ ਵਿਚ ਸ਼ਾਮਲ ਹੈ ਅਤੇ ਇਸ ਨੇ ਸੰਗਠਨ ਨੂੰ ਤਕਨੀਕੀ ਸਹਾਇਤਾ ਅਤੇ ਸਮਰੱਥਾ ਨਿਰਮਾਣ ਵਿੱਚ ਮਦਦ ਦਿੱਤੀ ਹੈ| 2018 ਵਿੱਚ ਭਾਰਤ ਨੇ ਰਾਸ਼ਟਰਮੰਡਲ ਵਿੰਡੋ ਬਣਾਉਣ ਦਾ ਐਲਾਨ ਕਰਕੇ ਰਾਸ਼ਟਰਮੰਡਲ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਵਿਕਾਸ ਪ੍ਰੋਜੈਕਟਾਂ ਅਤੇ ਮਦਦ ਦੇਣ ਲਈ 5 ਕਰੋੜ ਅਮਰੀਕੀ ਡਾਲਰ ਦੀ ਰਕਮ ਦੇਣ ਦਾ ਐਲਾਨ ਕੀਤਾ ਸੀ|

ਨਵੀਂ ਦਿੱਲੀ

21 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.